# ਦੋ ਰੋਜ਼ਾ ਵਰਕਸ਼ਾਪ

ਸ੍ਰੀ ਗੁਰੂ ਅੰਗਦ ਦੇਵ ਕਾਲਜ, ਖਡੂਰ ਸਾਹਿਬ ਵਿਚ ਮਿਤੀ 16, 17 ਅਗਸਤ 2023 ਨੂੰ ਪੋਸਟ ਗ੍ਰੈਜੂਏਟ ਵਿਭਾਗ ਵੱਲੋਂ 'ਪੰਜਾਬੀ ਲਿਖਤ ਕਾਰਜਸ਼ਾਲਾ' ਦੇ ਸਿਰਲੇਖ ਅਧੀਨ ਦੋ ਰੋਜ਼ਾ ਵਰਕਸ਼ਾਪ ਕਰਵਾਈ ਗਈ। ਜਿਸ ਦਾ ਮੁੱਖ ਮੰਤਵ ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ, ਬੋਲਣ ਅਤੇ ਗੁਰਮੁਖੀ ਲਿਪੀ ਦੀ ਸ਼ੁੱਧ ਵਰਤੋਂ ਕਰਨ ਪ੍ਰਤੀ ਪ੍ਰੇਰਿਤ ਕਰਨਾ ਸੀ। ਇਸ ਵਿਚ ਪੰਜਾਬੀ ਵਿਭਾਗ ਦੇ ਮੁੱਖੀ ਡਾ. ਰੈਵਲ ਜੀਤ ਸਿੰਘ ਵੱਲੋਂ ਪੰਜਾਬੀ ਭਾਸ਼ਾ ਉੱਪਰ ਹੋਰਨਾਂ ਭਾਸ਼ਾਵਾਂ ਤੇ ਸਭਿਆਚਾਰ ਦੇ ਪਏ ਪ੍ਰਭਾਵ ਬਾਰੇ ਆਪਣੇ ਵਿਚਾਰ ਵਿਦਿਆਰਥੀਆਂ ਨਾਲ ਸਾਂਝੇ ਕੀਤੇ ਗਏ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਬਲਵੰਤ ਸਿੰਘ ਸੰਧੂ ਵੱਲੋਂ ਭਾਸ਼ਾਵਾਂ ਦੀ ਸ਼ੁੱਧਤਾ ਅਤੇ ਸਹੀ ਉਚਾਰਨ ਪ੍ਰਤੀ ਆਯੋਜਿਤ ਕੀਤੀ ਗਈ ਵਰਕਸ਼ਾਪ ਪ੍ਰਤੀ ਅਧਿਆਪਕ ਸਾਹਿਬਾਨ ਅਤੇ ਵਿਦਿਆਰਥੀਆਂ ਦੀ ਹੌਸਲਾ-ਅਫ਼ਜ਼ਾਈ ਕੀਤੀ। ਇਸ ਮੌਕੇ ਤੇ ਪ੍ਰੋ. ਰੋਹਿਤ ਸ਼ਰਮਾ, ਡਾ. ਸਤਿੰਦਰ ਕੌਰ, ਡਾ. ਤਜਿੰਦਰ ਕੌਰ, ਡਾ. ਸੁਖਬੀਰ ਕੌਰ, ਪ੍ਰੋ. ਪਰਮਜੀਤ ਕੌਰ ਅਤੇ ਪ੍ਰੋ. ਮੰਗਲ ਸਿੰਘ ਹਾਜ਼ਰ ਰਹੇ ਅਤੇ ਲਗਭਗ 300 ਵਿਦਿਆਰਥੀਆਂ ਨੇ ਭਾਗ ਲਿਆ।

Principal
S.G.A.D. COLLEGE
Khadur Sahib (Tarn Taran)

ਸਰਗਰਮੀ

'ਪੰਜਾਬੀ ਲਿਖਤ ਕਾਰਜਸ਼ਾਲਾ' ਤਹਿਤ ਕਰਵਾਏ ਵਿੱਦਿਅਕ ਮੁਕਾਬਲਿਆਂ ਦੇ ਜੇਤੂ ਕੀਤੇ ਸਨਮਾਨਿਤ

# ਗੁਰੂ ਅੰਗਦ ਦੇਵ ਕਾਲਜ ਨੇ ਕਰਵਾਈ ਦੋ ਰੋਜ਼ਾ ਵਰਕਸ਼ਾਪ




Evergreen
Page No.
Date : / /201

# ਸਲੋਗਨ ਲੇਖਣ ਮੁਕਾਬਲਾ

ਸ੍ਰੀ ਗੁਰੂ ਅੰਗਦ ਦੇਵ ਕਾਲਜ, ਖਡੂਰ ਸਾਹਿਬ ਵਿਖੇ ਮਿਤੀ 29 ਸਤੰਬਰ 2023 ਨੂੰ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਵੱਲੋਂ 'ਗੁਰਮੁਖੀ ਲਿਪੀ ਦਿਵਸ' ਨੂੰ ਸਮਰਪਿਤ 'ਸਲੋਗਨ ਲੇਖਣ ਮੁਕਾਬਲਾ' ਕਰਵਾਇਆ ਗਿਆ। ਇਸ ਵਿਚ ਕਾਲਜ ਦੇ ਵੱਖ-ਵੱਖ ਵਿਭਾਗਾਂ ਦੇ ਵਿਦਿਆਰਥੀਆਂ ਵੱਲੋਂ ਵਧ-ਚੜ੍ਹ ਕੇ ਉਤਸ਼ਾਹ ਨਾਲ ਹਿੱਸਾ ਲਿਆ ਗਿਆ। ਇਸ ਮੌਕੇ ਪੰਜਾਬੀ ਵਿਭਾਗ ਦੇ ਮੁਖੀ ਡਾ. ਕੰਵਲਜੀਤ ਸਿੰਘ ਵੱਲੋਂ ਗੁਰਮੁਖੀ ਲਿਪੀ ਦੇ ਇਤਿਹਾਸਕ ਪਰਿਪੇਖ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਇਸ ਮੁਕਾਬਲੇ ਵਿਚ ਜੇਤੂ ਰਹੇ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਉਹਨਾਂ ਨੂੰ ਸਰਟੀਫਿਕੇਟ ਤਕਸੀਮ ਕੀਤੇ ਗਏ। ਕਾਲਜ ਪ੍ਰਿੰਸੀਪਲ ਡਾ. ਬਲਵੰਤ ਸਿੰਘ ਸੰਧੂ ਵਿਦਿਆਰਥੀਆਂ ਅਤੇ ਪ੍ਰੋਗਰਾਮ ਉਲੀਕਣ ਵਾਲੇ ਅਧਿਆਪਕ ਸਾਹਿਬਾਨ ਦੀ ਖ਼ੂਬ ਸ਼ਲਾਘਾ ਕੀਤੀ। ਇਸ ਮੌਕੇ ~~ਤੇ~~ ਡਾ. ਜਤਿੰਦਰ ਕੌਰ, ਪ੍ਰੋ. ਮੇਜਰ ਸਿੰਘ, ਪ੍ਰੋ. ਮਨਪ੍ਰੀਤ ਕੌਰ, ਡਾ. ਸੁਖਬੀਰ ਕੌਰ, ਪ੍ਰੋ. ਜਸਪ੍ਰੀਤ ਸਿੰਘ ਆਦਿ ਹਾਜ਼ਰ ਰਹੇ। ਇਸ ਮੁਕਾਬਲੇ ਵਿਚ 20 ਵਿਦਿਆਰਥੀਆਂ ਨੇ ਭਾਗ ਲਿਆ।

Principal
S.G.A.D. COLLEGE
... Sahib (Tarn Taran)

# ਸ੍ਰੀ ਗੁਰੂ ਅੰਗਦ ਦੇਵ ਕਾਲਜ, ਖਡੂਰ ਸਾਹਿਬ ਵੱਲੋਂ ‘ਗੁਰਮੁਖੀ ਲਿਪੀ ਦਿਵਸ’ ਨੂੰ ਸਮਰਪਿਤ ‘ਸਲੋਗਨ ਲੇਖਣ’ ਮੁਕਾਬਲਾ ਕਰਵਾਇਆ ਗਿਆ



Evergreen
Page No.
Date : / /201

# ਇਤਿਹਾਸਕ ਟੂਰ ਦਾ ਆਯੋਜਨ (3 ਅਪ੍ਰੈਲ, 2024)

ਸ੍ਰੀ ਗੁਰੂ ਅੰਗਦ ਦੇਵ ਕਾਲਜ, ਖਡੂਰ ਸਾਹਿਬ ਦੇ ਪੋਸਟ ਗ੍ਰੈਜੂਏਟ ਵਿਭਾਗ ਵੱਲੋਂ ਇਕ ਇਤਿਹਾਸਕ ਟੂਰ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਕਾਲਜ ਦੇ 34 ਵਿਦਿਆਰਥੀਆਂ ਨੂੰ ਫਿਰੋਜ਼ਪੁਰ ਵਿਖੇ "ਸਾਰਾਗੜ੍ਹੀ" ਗੁਰਦੁਆਰੇ ਦੇ ਦਰਸ਼ਨਾਂ ਅਤੇ ਉਸ ਨਾਲ ਸਬੰਧਿਤ ਬਣੇ ਮਿਊਜ਼ੀਅਮ ਨੂੰ ਦਿਖਾਉਣ ਲਈ ਲਿਜਾਇਆ ਗਿਆ। ਇਸ ਟੂਰ ਦਾ ਮੁੱਖ ਮੰਤਵ ਵਿਦਿਆਰਥੀਆਂ ਨੂੰ ਆਪਣੇ ਸਿੱਖ ਇਤਿਹਾਸ ਅਤੇ ਕੁਰਬਾਨੀਆਂ ਦੀਆਂ ਬਾਤਾਂ/ਸ਼ਹਾਦਤਾਂ ਤੋਂ ਜਾਣੂ ਕਰਵਾਉਣਾ ਸੀ। ਇਸ ਤੋਂ ਵਿਦਿਆਰਥੀਆਂ ਨੇ ਢੇਰ ਜਾਣਕਾਰੀ ਹਾਸਲ ਕੀਤੀ। ਪੰਜਾਬੀ ਵਿਭਾਗ ਦੇ ਡਾ. ਜਤਿੰਦਰ ਕੌਰ, ਪ੍ਰੋ. ਮਨਪ੍ਰੀਤ ਕੌਰ ਅਤੇ ਡਾ. ਕੁਲਬੀਰ ਕੌਰ ਦੀ ਅਗਵਾਈ ਅਧੀਨ ਇਹ ਸਮੁੱਚਾ ਪ੍ਰਬੰਧ ਉਲੀਕਿਆ ਗਿਆ ਅਤੇ ਵਿਧੀਵਤ ਢੰਗ ਨਾਲ ਨੇਪਰੇ ਚਾੜ੍ਹਿਆ ਗਿਆ। ਇਸ ਟੂਰ ਵਿੱਚ 60 ਵਿਦਿਆਰਥੀ ਸ਼ਾਮਿਲ ਹੋਏ।

Principal
S.G.A.D. COLLEGE
Khadur Sahib (Tarn Taran)

# ਸ੍ਰੀ ਗੁਰੂ ਅੰਗਦ ਦੇਵ ਕਾਲਜ ਖਡੂਰ ਸਾਹਿਬ ਦੇ ਪੋਸਟ ਗਰੈਜੂਏਟ ਪੰਜਾਬੀ ਵਿਭਾਗ ਦੇ ਸਹਿਯੋਗ ਦੁਆਰਾ ਇਤਿਹਾਸਕ ਟੂਰ ਦਾ ਆਯੋਜਨ ਕੀਤਾ ਗਿਆ



Page No.
Date: / /20

# 'ਪੁਸਤਕ ਸੰਗ-ਸੰਵਾਦ'

ਸ੍ਰੀ ਗੁਰੂ ਅੰਗਦ ਦੇਵ ਕਾਲਜ, ਖਡੂਰ ਸਾਹਿਬ ਵਿਖੇ ਮਿਤੀ 2-10-23 ਨੂੰ ਪੋਸਟ ਗ੍ਰੈਜੂਏਟ ਵਿਭਾਗ ਵੱਲੋਂ ਚਲਾਏ ਜਾ ਰਹੇ ਮੰਚ 'ਸਾਹਿਤਕ ਸੱਥ' ਦੇ ਅੰਤਰਗਤ ਵਿਚ 'ਪੁਸਤਕ ਸੰਗ-ਸੰਵਾਦ' ਵਿਚਾਰ ਗੋਸ਼ਟੀ ਕੀਤੀ ਗਈ। ਜਿਸ ਵਿਚ ਪ੍ਰਸਿੱਧ ਨਾਵਲਕਾਰ ਨਾਨਕ ਸਿੰਘ ਦੇ ਨਾਵਲ 'ਪਵਿੱਤਰ ਪਾਪੀ' ਨੂੰ ਅਧਿਐਨ ਦਾ ਆਧਾਰ ਬਣਾਇਆ ਗਿਆ। ਇਸ ਵਿਚ ਕਾਲਜ ਦੇ ਵਿਦਿਆਰਥੀਆਂ ਵੱਲੋਂ ਵੱਖ-ਵੱਖ ਨੁਕਤਿਆਂ ਤੋਂ ਨਾਵਲ ਸੰਬੰਧੀ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਦੇ ਮੁਖੀ ਡਾ. ਕੰਵਲਜੀਤ ਸਿੰਘ ਵੱਲੋਂ ਸਾਹਿਤ ਪੜ੍ਹਨ ਦੇ ਨੁਕਤਾ ਨਿਗਾਹ ਤੋਂ ਬਹੁਤ ਸਾਰੇ ਮਹੱਤਵਪੂਰਨ ਵਿਚਾਰ ਵਿਦਿਆਰਥੀਆਂ ਨਾਲ ਸਾਂਝੇ ਕੀਤੇ ਗਏ। ਕਾਲਜ ਦੇ ਪ੍ਰਿੰਸੀਪਲ ਡਾ. ਬਲਵੰਤ ਸਿੰਘ ਸੰਧੂ ਵੱਲੋਂ ਇਸ ਵਿਚਾਰ-ਚਰਚਾ ਸੰਬੰਧੀ ਵਿਦਿਆਰਥੀਆਂ ਦੀ ਹੌਸਲਾ-ਅਫ਼ਜ਼ਾਈ ਕੀਤੀ ਅਤੇ ਵਧਾਈ ਦਿੱਤੀ। ਇਸ ਮੌਕੇ ਪ੍ਰੋ. ਰੋਹਿਤ ਸ਼ਰਮਾ, ਪ੍ਰੋ. ਜਸਪਾਲ ਸਿੰਘ, ਡਾ. ਰਮਨਦੀਪ ਕੌਰ, ਡਾ. ਸੁਰਿੰਦਰ ਕੌਰ, ਡਾ. ਰਜਿੰਦਰ ਕੌਰ (ਕੋਆਰਡੀਨੇਟਰ), ਪ੍ਰੋ. ਮੇਜਰ ਸਿੰਘ (ਕੋ-ਕੋਆਰਡੀਨੇਟਰ), ਪ੍ਰੋ. ਪਰਮਜੀਤ ਕੌਰ, ਡਾ. ਸੁਖਬੀਰ ਕੌਰ, ਪ੍ਰੋ. ਜਸਮੀਤ ਸਿੰਘ ਆਦਿ ਹਾਜ਼ਰ ਰਹੇ। ਇਸ ਵਿਚ 80 ਵਿਦਿਆਰਥੀਆਂ ਨੇ ਭਾਗ ਲਿਆ।

Principal
S.G.A.D. COLLEGE
Khadur Sahib (Tarn Taran)

www.akalipatrika.in / ਸੋਮਵਾਰ, 2 ਅਕਤੂਬਰ 2023

# ਸ੍ਰੀ ਗੁਰੂ ਅੰਗਦ ਦੇਵ ਕਾਲਜ ਖਡੂਰ ਸਾਹਿਬ ਵਿਖੇ "ਪੁਸਤਕ ਸੰਗ ਸੰਵਾਦ" ਵਿਚਾਰ ਗੋਸ਼ਟੀ ਕੀਤੀ ਗਈ

